# ਪੰਜਾਬ, ਹਰਿਆਣਾ ਦੀਆਂ ਟਰੈਕਟਰ ਮੰਡੀਆਂ ਵੱਲ ਇੱਕ ਨਜ਼ਰ

ਜੇ ਤੁਸੀਂ ਟਰੈਕਟਰ ਖ਼ਰੀਦਣ ਬਾਰੇ ਸੋਚ ਰਹੇ ਹੋ, ਅਤੇ ਵੱਧ ਪੈਸੇ ਨਹੀਂ ਖਰਚ ਕਰਨਾ ਚਾਹੁੰਦੇ ਤਾਂ ਪੰਜਾਬ ਅਤੇ ਹਰਿਆਣਾ ਦੇ ਕੁਝ ਇਲਾਕਿਆਂ ਵਿੱਚ ਲੱਗਣ ਵਾਲੀਆਂ ਹਫ਼ਤਾਵਾਰ ਮੰਡੀਆਂ ਦਾ ਦੌਰਾ ਕਰੋ ਜਿੱਥੇ ਹਰ ਤਰ੍ਹਾਂ ਦੇ ਟਰੈਕਟਰ ਸਸਤੇ ਭਾਅ ਵਿਕਰੀ ਲਈ ਆਉਂਦੇ ਹਨ। ਇਨ੍ਹਾਂ ਮੰਡੀਆਂ ਵਿੱਚ ਟਰੈਕਟਰਾਂ ਦੇ ਨਾਲ ਖੇਤੀਬਾੜੀ ਦੇ ਸੰਦ ਵੀ ਖ਼ਰੀਦੇ-ਵੇਚੇ ਜਾ ਸਕਦੇ ਹਨ।

ਫਾਰਮਿੰਗ ਕੋਸਮੋਸ ਟੀਮ ਦੇ ਵਾਲੰਟੀਅਰ ਬਲਜਿੰਦਰ ਸਿੰਘ ਕੋਟਭਾਰਾ ਨੇ ਕਿਸਾਨਾਂ ਦੀ ਸਹੂਲਤ ਲਈ ਪੰਜਾਬ ਅਤੇ ਹਰਿਆਣਾ ਦੇ ਕੁਝ ਇਲਾਕਿਆਂ ਵਿੱਚ ਲੱਗਣ ਵਾਲੀਆਂ ਪੁਰਾਣੇ ਟਰੈਕਟਰਾਂ ਦੀਆਂ ਹਫ਼ਤਾਵਾਰ ਮੰਡੀਆਂ ਦੇ ਬਾਰੇ ਜਾਣਕਾਰੀ ਇਕੱਠੀ ਕੀਤੀ ਹੈ।

ਬਠਿੰਡਾ ਜ਼ਿਲ੍ਹੇ ਦੀ ਇਤਿਹਾਸਕ ਨਗਰੀ ਤਲਵੰਡੀ ਸਾਬੋ ਵਿੱਚ ਹਰ ਬੁੱਧਵਾਰ ਨੂੰ ਰੋੜੀ ਨੂੰ ਜਾਂਦੀ ਸੜਕ ਉੱਤੇ ਟਰੈਕਟਰ ਮੰਡੀ ਲੱਗਦੀ ਹੈ ਜਿੱਥੇ ਪੰਜਾਬ ਤੋਂ ਇਲਾਵਾ ਨੇੜਲੇ ਹਰਿਆਣਾ ਦੇ ਪਿੰਡਾਂ ਤੋਂ ਵੀ ਕਿਸਾਨ ਟਰੈਕਟਰ ਖ਼ਰੀਦਣ-ਵੇਚਣ ਆਉਂਦੇ ਹਨ।

ਹਰ ਸੋਮਵਾਰ ਨੂੰ ਫ਼ਰੀਦਕੋਟ ਜ਼ਿਲ੍ਹਾ ਦੇ ਕੋਟਕਪੂਰਾ ਸ਼ਹਿਰ ਅਤੇ ਬਰਨਾਲਾ ਵਿੱਚ ਵੀ ਟਰੈਕਟਰਾਂ ਦੀ ਮੰਡੀ ਲੱਗਦੀ ਹੈ। ਇਸੇ ਤਰ੍ਹਾਂ ਵੀਰਵਾਰ ਨੂੰ ਬਠਿੰਡਾ ਜ਼ਿਲ੍ਹਾ ਦੇ ਸਲਾਬਤਪੁਰਾ, ਮਾਨਸਾ ਜ਼ਿਲ੍ਹਾ ਵਿੱਚ ਪੈਂਦੇ ਝੁਨੀਰ ਅਤੇ ਹਰਿਆਣਾ ਦੇ ਸਿਰਸਾ ਜ਼ਿਲ੍ਹਾ ਦੇ ਡੱਬਵਾਲੀ ਸ਼ਹਿਰ ਵਿੱਚ ਵੀ ਟਰੈਕਟਰਾਂ ਅਤੇ ਖੇਤੀਬਾੜੀ ਸੰਦਾਂ ਦਾ ਵੱਡੇ ਪੱਧਰ 'ਤੇ ਵਪਾਰ ਹੁੰਦਾ ਹੈ।

ਹਰ ਐਤਵਾਰ ਨੂੰ ਪੰਜਾਬ ਵਿੱਚ ਤਿੰਨ ਅਤੇ ਇਕ ਹਰਿਆਣਾ 'ਚ ਇੱਕ ਜਗ੍ਹਾ ਟਰੈਕਟਰ ਮੰਡੀਆਂ ਲੱਗਦੀਆਂ ਹਨ। ਮੁਕਤਸਰ ਦੇ ਸ਼ਹਿਰ ਮਲੋਟ, ਮੋਗਾ, ਮਾਨਸਾ ਜ਼ਿਲ੍ਹਾ ਦੇ ਬੁਢਲਾਡਾ ਤੇ ਹਰਿਆਣਾ ਦੇ ਫ਼ਤਿਹਾਬਾਦ ਵਿੱਚ ਹਫ਼ਤਾਵਾਰ ਟਰੈਕਟਰ ਮੰਡੀਆਂ ਲੱਗਦੀਆਂ ਹਨ।

ਇਨ੍ਹਾਂ ਮੰਡੀਆਂ ਵਿੱਚ ਦੇਸੀ-ਵਿਦੇਸ਼ੀ ਕੰਪਨੀਆਂ ਦੇ ਸਾਰੇ ਛੋਟੇ-ਵੱਡੇ ਟਰੈਕਟਰ ਵਿਕਰੀ ਲਈ ਆਉਂਦੇ ਹਨ। ਦੇਖਣ ਵਾਲਿਆਂ ਲਈ ਟਰੈਕਟਰ ਉੱਤੇ ਉਸਦੇ ਨਿਰਮਾਣ ਦਾ ਵਰ੍ਹਾ ਅਤੇ ਕੀਮਤ ਲਿਖੀ ਹੁੰਦੀ ਹੈ। ਦਿਲਚਸਪੀ ਰੱਖਣ ਵਾਲੇ ਲੋਕ ਟਰੈਕਟਰ ਨੂੰ ਚਲਾ ਕੇ ਵੀ ਵੇਖ ਸਕਦੇ ਹਨ।

ਮੰਡੀਆਂ ਦਾ ਸਮਾਂ ਸੂਚੀ

ਸੋਮਵਾਰ: ਕੋਟਕਪੂਰਾ, ਬਰਨਾਲਾ

ਬੁੱਧਵਾਰ: ਤਲਵੰਡੀ ਸਾਬੋ

ਵੀਰਵਾਰ: ਸਲਾਬਤਪੁਰਾ, ਝੁਨੀਰ, ਡੱਬਵਾਲੀ

ਐਤਵਾਰ: ਮਲੋਟ, ਮੋਗਾ, ਬੁਢਲਾਡਾ, ਫ਼ਤਿਹਾਬਾਦ